ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ
ਬਠਿੰਡਾ

ਸੇਵਾ ਵਿਖੇ

1. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ)
ਬਠਿੰਡਾ

2. ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ)
ਬਠਿੰਡਾ

ਮੀਮੋ ਨੰ: ਜਸਭਅ/ਫਡਫ/2024/2693-2694 ਮਿਤੀ 25 ਸਤੰਬਰ 2024

ਵਿਸ਼ਾ : ਸੈਨਾ ਝੰਡਾ ਦਿਵਸ 2024 ਮਨਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ੇ ਅੰਕਿਤ ਮਾਮਲੇ ਸਬੰਧੀ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ **ਝੰਡਾ ਦਿਵਸ 07 ਦਸੰਬਰ 2024 ਨੂੰ** ਮਨਾਇਆ ਜਾ ਰਿਹਾ ਹੈ। ਇਸ ਦਿਨ ਦੇਸ਼ ਵਾਸੀ ਖਾਸ ਕਰਕੇ ਪੰਜਾਬ ਦੇ ਲੋਕ, ਸੁਰੱਖਿਆ ਸੈਨਾਵਾਂ ਵੱਲੋਂ ਦੇਸ਼ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਨ। ਰਵਾਇਤ ਅਨੁਸਾਰ ਇਸ ਦਿਨ ਲੋਕ ਟੋਕਨ ਫਲੈਗ ਲਗਾ ਕੇ ਦੇਸ਼ ਲਈ ਬਹਾਦਰੀ ਨਾਲ ਲੜਦਿਆਂ ਸ਼ਹੀਦ ਅਤੇ ਅਪੰਗ ਹੋਏ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਸਵੈ-ਇੱਛਾ ਨਾਲ ਝੰਡਾ ਫੰਡ ਵਿੱਚ ਵੱਧ ਤੋਂ ਵੱਧ ਰਾਸ਼ੀ ਜਮ੍ਹਾਂ ਕਰਦੇ ਹਨ। ਇੱਕਤਰ ਰਾਸ਼ੀ ਉਨ੍ਹਾਂ ਦੇ ਪ੍ਰੀਵਾਰਾਂ, ਬੁਜਰਗਾਂ, ਬੇਸਹਾਰਾ ਅਤੇ ਲੋੜਵੰਦ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਦੀ ਭਲਾਈ/ਸਹਾਇਤਾ ਲਈ ਖਰਚ ਕੀਤੀ ਜਾਂਦੀ ਹੈ।

3. ਪੰਜਾਬ ਸਰਕਾਰ ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਨੰਬਰ DSWD-1/1/2019-1DWI/926173/2024 ਮਿਤੀ 11 ਸਤੰਬਰ 2024 ਦੀ ਕਾਪੀ ਭੇਜਦੇ ਹੋਏ, ਬੇਨਤੀ ਹੈ ਕਿ ਝੰਡਾ ਦਿਵਸ 2024 ਸੁਚੱਜੇ ਢੰਗ ਨਾਲ ਮਨਾਉਣ ਅਤੇ ਝੰਡਿਆਂ ਦੀ ਵੰਡ ਸਕੂਲਾਂ ਵਿੱਚ ਸਹੀ ਢੰਗ ਨਾਲ ਕਰਨ ਲਈ ਇਸ ਦਫਤਰ ਨੂੰ ਆਪ ਦੇ ਅਧੀਨ ਪੈਂਦੇ ਸਮੂਹ ਸਕੂਲਾਂ ਦੀ ਨਿਮਨ ਅਨੁਸਾਰ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਟੀਚਿਆਂ ਨੂੰ ਪੂਰਾ ਕੀਤਾ ਜਾ ਸਕੇ:

| ਲੜੀ ਨੰ | ਸਕੂਲ ਦਾ ਨਾਮ ਅਤੇ ਪਤਾ | ਸਕੂਲ ਮੁਖੀ ਦਾ ਨਾਮ | ਫੋਨ ਨੰਬਰ/ ਮੋਬਾਇਲ ਨੰਬਰ | ਬੱਚਿਆਂ ਦੀ ਕੁੱਲ ਗਿਣਤੀ |
|---|---|---|---|---|
| | | | | |

4. ਕ੍ਰਿਪਾ ਕਰਕੇ ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਨੱਥੀ:

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ
ਬਠਿੰਡਾ

ਪਿ.ਅੰ.ਨੰ: ਜਸਭਅ/ਫਡਫ/2024/ ਮਿਤੀ 25 ਸਤੰਬਰ 2024

ਇਸ ਦਾ ਇੱਕ ਉਤਾਰਾ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਸੂਚਨਾ ਅਤੇ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ
ਬਠਿੰਡਾ

**ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿੱਠ ਅੰਕਣ ਨੰ ਜੀ-1/1 ( )2024/ 1115 ਮਿਤੀ: 21.10.24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਰਾਹੀਂ ਆਪ ਜੀ ਨੂੰ ਗੂਗਲ ਲਿੰਕ ਭੇਜਿਆ ਗਿਆ ਹੈ , ਗੂਗਲ ਲਿੰਕ ਰਾਹੀਂ ਮੰਗੀ ਗਈ ਸੂਚਨਾ ਨੂੰ ਮਿਤੀ: 24.10.24 ਤੱਕ ਭੇਜਣੀ ਯਕੀਨੀ ਬਣਾਈ ਜਾਵੇ ।

**ਗੂਗਲ ਲਿੰਕ** **https://forms.gle/ND1Yp1RkQDCrJqbM6**

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ । 21.10.24